12 ਸ੍ਵੈ ਜੀਵਨੀ- ਅੰਸ਼ ਮੁੜ੍ਹਕੇ ਦੀ ਖੁਸ਼ਬੂ ਲੇਖਕ ਡਾ: ਸਰਦਾਰਾ ਸਿੰਘ ਜੌਹਲ

ੳ ਵਸਤੂ ਨਿਸ਼ਠ ਪ੍ਰਸ਼ਨ

1. ਪਰਸ਼ਨ:ਸਰਦਾਰਾ ਸਿੰਘ ਜੌਹਲ ਰਚਿਤ ਕਿਹੜਾ ਸਵੈਜੀਵਨੀ ਅੰਸ਼ ਆਪ ਬੀਤੀਆਂ ਪੁਸਤਕ ਵਿਚ ਦਰਜ ਹੈ ?

ਉੱਤਰ : ਮੁੜ੍ਹਕੇ ਦੀ ਖੁਸ਼ਬੂ

2ਪ੍ਰਸ਼ਨ: ਲੇਖਕ ਬਚਪਨ ਦੀ ਸਭ ਤੋਂ ਵੱਡੀ ਦੇਣ ਕਿਸ ਨੂੰ ਮੰਨਦਾ ਹੈ ?

ਉੱਤਰ : ਮਿਹਨਤ ।

3ਪ੍ਰਸ਼ਨ :ਲੇਖਕ ਨੂੰ ਕਿਸ ਜਮਾਤ ਤੋਂ ਬਾਅਦ ਸਕੂਲੋਂ ਹਟਾ ਲਿਆ ਗਿਆ ?

ਉੱਤਰ : ਅੱਠਵੀਂ ਜਮਾਤ ਤੋਂ ਬਾਅਦ ।

ਸਹੀ/ ਗ਼ਲਤ

4 ਸਰਦਾਰ ਸਰਦਾਰਾ ਸਿੰਘ ਜੌਹਲ ਨੇ ਬਚਪਨ ਸਾਂਝੇ ਪਰਿਵਾਰ ਵਿੱਚ ਰਹਿੰਦਿਆਂ ਗੁਜ਼ਾਰਿਆ ।

ਉੱਤਰ : ਸਹੀ ।

5ਲੇਖਕ ਦੇ ਤਾਇਆ ਜੀ ਸਖ਼ਤ ਤਬੀਅਤ ਦੇ ਸਨ ।

ਉੱਤਰ: ਸਹੀ ।

6ਸਰਦਾਰ ਸਰਦਾਰਾ ਸਿੰਘ ਜੌਹਲ ਨੂੰ ਪੜ੍ਹਾਈ ਤੋਂ ਬਿਨਾਂ ਕੋਈ ਹੋਰ ਕੰਮ ਨਹੀਂ ਸੀ ਕਰਨਾ ਪੈਂਦਾ ।

ਉੱਤਰ : ਗ਼ਲਤ

ਖਾਲੀ ਸਥਾਨ ਭਰੋ :------

7 ਲੇਖਕ ਨੂੰ ਪੜ੍ਹਨੋਂ ਇਸ ਲਈ ਹਟਾ ਲਿਆ ਗਿਆ ਕਿਉਂਕਿ ਲੇਖਕ ਦੇ ਘਰ ਦੇ ਸਮਝਦੇ ਸਨ ਕਿ ਪੜ੍ਹ ਲਿਖ ਕੇ ਕਿਹੜਾ ਉਸ ਨੇ ਪਟਵਾਰੀ ਬਣ ਜਾਣਾ ਹੈ ।

8 ਰੱਬਾ- ਰੱਬਾ ,ਰਿਜ਼ਕ ਨਾ ਦੇਵੀਂ, ਮਾਂ ਲੱਕੜੀਆਂ ਲਿਆਉਣ ਲਈ ਆਖੇਗੀ ।

9 ਪ੍ਰਸ਼ਨ : ਲੇਖਕ ਦੇ ਪਰਿਵਾਰ ਦੇ ਦੋ ਮੈਂਬਰ ਫ਼ੌਜ ਵਿਚ ਭਰਤੀ ਹੋਏ ਉਹ ਸਨ --------

ਉੱਤਰ : ਲੇਖਕ ਦਾ ਇਕ ਤਾਇਆ ਤੇ ਇੱਕ ਚਾਚਾ ।

10 ਪ੍ਰਸ਼ਨ :ਬਟਵਾਰੇ ਤੋਂ ਬਾਅਦ ਲੇਖਕ ਦੇ ਪਰਿਵਾਰ ਨੇ ਪੰਜਾਬ ਦੇ ਜ਼ਿਲ੍ਹੇ ਵਿਚ ਵਸੇਬਾ ਕੀਤਾ -----

-ਉੱਤਰ :ਜਲੰਧਰ ਜ਼ਿਲ੍ਹੇ ਵਿੱਚ ।

ਪ੍ਰਸ਼ਨ ਮੁੜ੍ਹਕੇ ਦੀ ਖ਼ੁਸ਼ਬੂ ਸਵੈਜੀਵਨੀ ਅੰਸ਼ ਲੇਖਕ ਦੀ ਇਸ ਰਚਨਾ ਵਿੱਚੋਂ ਲਿਆ ਗਿਆ ਹੈ ?

ਉੱਤਰ :ਰੰਗਾਂ ਦੀ ਗਾਗਰ ।

ਅ ਦੱਸੋ

1ਪ੍ਰਸ਼ਨ: 'ਮੁੜ੍ਹਕੇ ਦੀ ਖ਼ੁਸ਼ਬੂ 'ਸਵੈਜੀਵਨੀ- ਅੰਸ਼ ਵਿੱਚ ਲੇਖਕ ਨੇ ਆਪਣੇ ਪਰਿਵਾਰਿਕ ਪਿਛੋਕੜ ਬਾਰੇ ਕੀ ਦੱਸਿਆ ਹੈ ?ਆਪਣੇ ਸ਼ਬਦਾਂ ਵਿੱਚ ਲਿਖੋ ।

ਉੱਤਰ :ਲੇਖਕ ਦੱਸਦਾ ਹੈ ਕਿ ਉਸ ਦੇ ਪਿਤਾ ਦੇ ਤਿੰਨ ਭਰਾ ਸਨ। ਦੋ ਵੱਡੇ ਅਕਾਲ ਚਲਾਣਾ ਕਰ ਗਏ ਸਨ ਤੇ ਛੋਟਾ 93-94 ਸਾਲ ਦਾ ਹੈ ।ਲੇਖਕ ਦਾ ਪਿਤਾ 99 ਵੇਂ ਸਾਲ ਦਾ ਚੰਗੀ ਜ਼ਿੰਦਗੀ ਮਾਣ ਰਿਹਾ ਹੈ। ਲੇਖਕ ਅਨੁਸਾਰ ਜਦੋਂ ਪੰਜਾਬ ਵਿੱਚ ਵੱਡੀ ਪਲੇਗ ਪਈ ਤਾਂ ਉਸ ਦੇ ਪਿਤਾ ਹੋਰੀਂ ਚਾਰ ਭਰਾ ਤੇ ਉਨ੍ਹਾਂ ਦੀ ਇੱਕ ਭਤੀਜੀ ਹੀ ਬਚੇ।ਜਿਸ ਨੂੰ ਉਨ੍ਹਾਂ ਨੇ ਆਪਣੀ ਧੀ ਵਾਂਗ ਪਾਲਿਆ ਤੇ ਵਿਆਹਿਆ। ਜੱਦੀ ਜ਼ਮੀਨ ਘੱਟ ਹੋਣ ਕਰਕੇ ਜ਼ਮੀਨ ਠੇਕੇ ਤੇ ਲੈ ਕੇ ਖੇਤੀ ਕਰਦੇ ਰਹੇ । ਇਕ ਤਾਇਆ ਤੇ ਇਕ ਚਾਚਾ ਫੌਜ ਵਿਚ ਭਰਤੀ ਹੋ ਗਏ। ਸਵੇਰੇ ਤੜਕੇ ਉੱਠ ਕੇ ਦੋਵੇਂ ਭਰਾ ਦੋ ਜੋਗਾਂ ਨਾਲ ਡੇਢ ਮੁਰੱਬੇ ਦੀ ਖੇਤੀ ਕਰਦੇ ਤੇ ਲੋਢੇ ਵੇਲੇ ਫੇਰ ਹਲ ਜੋੜ ਲੈਂਦੇ ਸਨ। ਕਈ ਵਾਰ ਤਾਂ ਅੱਧੀ ਰਾਤ ਨੂੰ ਸ਼ੁਰੂ ਕਰਕੇ ਤੜਕੇ ਤਕ ਦੂਜੀ ਜੋਗ ਜੋੜ ਲੈਂਦੇ ਸਨ।ਏਨੀ ਮਿਹਨਤ ਕਰਕੇ ਵੀ ਘੋਲ -ਕੁਸ਼ਤੀ ਕਰਦੇ ।ਜ਼ਮੀਨ ਨਾ ਹੋਣ ਦੇ ਬਾਵਜੂਦ ਵੀ ਪਿੰਡ ਵਿਚ ਚੰਗੀ ਪੁੱਛਗਿੱਛ ਸੀ ,ਕਿਉਂ ਕਿ ਦੋ ਫ਼ੌਜੀ ਭਰਾਵਾਂ ਦੇ ਪੈਸੇ ਵੀ ਆ ਜਾਂਦੇ ਸਨ ।ਉਸ ਸਮੇਂ ਮੁਸ਼ਕਲ ਘੜੀ ਰਲ ਮਿਲ ਕੇ ਕੱਟਣ ਸਦਕਾ ਉਨ੍ਹਾਂ ਦੀ ਤੀਜੀ ਪੁਸ਼ਤ ਤੱਕ ਵੀ ਸਾਂਝਾ ਟੱਬਰ ਹੈ, ਭਾਵੇਂ ਸਾਰੇ ਭਰਾਵਾਂ ਦੇ ਬੱਚੇ ਆਪਣਾ ਆਪਣਾ ਅਲੱਗ-ਅਲੱਗ ਕਮਾਉਂਦੇ ਹਨ। ਪਰ ਜੱਦੀ ਜਾਇਦਾਦ ਹਾਲੇ ਵੀ ਸਾਂਝੀ ਹੈ। ਲੇਖਕ ਦਾ ਪਿਤਾ ਸ਼ਹਿਰ ਵਿਚ ਦਿਲ ਨਾ ਲੱਗਣ ਕਰਕੇ ਉਸਦੇ ਤਾਏ ਦੇ ਪੁੱਤਰ ਕੋਲ ਪਿੰਡ ਰਹਿੰਦਾ ਹੈ। ਬਚਪਨ ਵਿੱਚ ਮਿਲ-ਜੁਲ ਕੇ ਰਹਿਣ ਕਰ ਕੇ ਤਾਏ ਚਾਚੇ ਦੇ ਬੱਚਿਆਂ ਵਿੱਚ ਸਕੇ ਭੈਣ ਭਰਾਵਾਂ ਵਾਂਗ ਅਹਿਸਾਸ ਤੇ ਵਰਤਾਰਾ ਹੈ। ਇੱਕ ਦੂਜੇ ਦੇ ਬੱਚਿਆਂ ਉਤੇ ਆਪਣੇ ਬੱਚਿਆਂ ਵਾਂਗ ਹੀ ਖ਼ਰਚ ਕਰਦੇ ਹਨ। ਵਿਆਹ ਸ਼ਾਦੀਆਂ ਦੇ ਲੈਣ ਦੇਣ ਵੀ ਸਾਂਝੇ ਤੌਰ ਤੇ ਹੀ ਕਰਦੇ ਹਨ ।

2 ਪ੍ਰਸ਼ਨ:" ਬਚਪਨ ਵਿੱਚ ਹੀ ਲੇਖਕ ਦੀ ਸ਼ਖਸੀਅਤ ਉੱਤੇ ਮਿਹਨਤ ਦਾ ਰੰਗ ਚੜ੍ਹ ਗਿਆ ਸੀ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ?

ਉੱਤਰ :ਇਹ ਬਿਲਕੁਲ ਠੀਕ ਹੈ ਕਿ ਲੇਖਕ ਦੀ ਸ਼ਖਸੀਅਤ ਉੱਤੇ ਬਚਪਨ ਵਿੱਚ ਹੀ ਮਿਹਨਤ ਦਾ ਰੰਗ ਚੜ੍ਹ ਗਿਆ ਸੀ। ਅੱਠਵੀਂ ਪਾਸ ਕਰਨ ਤੋਂ ਬਾਅਦ ਲੇਖਕ ਨੂੰ ਸਕੂਲ ਤੋਂ ਹਟਾ ਕੇ ਖੇਤੀ ਦੇ ਕੰਮ ਵਿੱਚ ਦਬੱਲਿਆ ਗਿਆ। ਤੜਕੇ ਉੱਠ ਕੇ ਉਹ ਆਪਣੇ ਪਿਤਾ ਦੇ ਪਿੱਛੇ ਹਲ ਲੈ ਕੇ ਤੁਰਦਾ ਤੇ ਦੁਪਹਿਰ ਤਕ ਉਹ ਦੋ ਏਕੜ ਜ਼ਮੀਨ ਵਾਹ ਲੈਂਦੇ। ਜਿਸ ਦਿਨ ਹੱਲ ਨਾ ਵਾਹੁਣਾ ਹੁੰਦਾ, ਉਸ ਦਿਨ ਲੇਖਕ ਸਾਰੇ ਪਸ਼ੂਆਂ ਲਈ ਚਾਰਾ ਕੱਟ ਕੇ ਕੁਤਰੇ ਵਾਲੀ ਮਸ਼ੀਨ ਤੱਕ ਲਿਆਉਂਦਾ ।ਤਾਇਆ ਜੀ ਹਲ ਛੱਡ ਕੇ ਚਰ੍ਹੀ ਦੇ ਰੁੱਗ ਮਸ਼ੀਨ ਵਿੱਚ ਦਿੰਦੇ। ਉਨ੍ਹਾਂ ਦਾ ਹੁਕਮ ਹੁੰਦਾ ਸੀ ਕਿ ਜੇ ਤਿੰਨ ਭਰੀਆਂ ਕੁਤਰੇ ਬਗੈਰ ਮਸ਼ੀਨ ਖੜ੍ਹੀ ਕੀਤੀ ਤਾਂ ਡੰਡਾ ਖੜਕੇਗਾ ।ਉਸ ਸਮੇਂ ਪਸੀਨਾ ਚੋ ਕੇ ਲੇਖਕ ਦੇ ਪੈਰਾਂ ਤੱਕ ਵਗਣ ਲਗਦਾ ।ਲੇਖਕ ਨੇ ਪਿਤਾ ਜੀ ਨਾਲ ਤਪਦੀਆਂ ਧੁੱਪਾਂ ਵਿਚ ਕਣਕ ਦੀ ਵਾਢੀ ਕੀਤੀ,ਸਾਉਣ ਭਾਦੋਂ ਦੀ ਗਰਮੀ ਵਿੱਚ ਹਲ ਵਾਹਿਆ ,ਗਰਮੀਆਂ ਵਿਚ ਮੱਕੀ ਗੁੱਡੀ, ਕਮਾਦ ਦੇ

ਮੂਸਲ ਬੰਨ੍ਹੇ ਤੇ ਸਭ ਤੋਂ ਔਖਾ ਫਲ੍ਹਿਆਂ ਨਾਲ ਕਣਕ ਦੀ ਗਹਾਈ ਕਰਦਿਆਂ ਕੰਡ ਵੀ ਲੜਾਈ। ਇਸ ਤਰ੍ਹਾਂ ਲੇਖਕ ਨੇ ਬਚਪਨ ਵਿਚ ਬਹੁਤ ਮਿਹਨਤ ਕੀਤੀ ,ਪਰ ਬਾਅਦ ਵਿਚ ਇਸ ਮਿਹਨਤ ਦੇ ਜੋ ਨਤੀਜੇ ਨਿਕਲੇ, ਉਸ ਨਾਲ ਮਨ ਨੂੰ ਬੜੀ ਤਸੱਲੀ ਹੋਈ ।

**3ਪ੍ਰਸ਼ਨ :ਲੇਖਕ ਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਸੀ ਅਤੇ ਇਸ ਤੋਂ ਬਚਣ ਲਈ ਉਹ ਕਿ ਅਰਦਾਸ ਕਰਦਾ ਸੀ ?**

**ਉੱਤਰ** :ਲੇਖਕ ਨੂੰ ਸਭ ਤੋਂ ਔਖਾ ਕੰਮ ਫਲ੍ਹਿਆਂ ਨਾਲ ਕਣਕ ਦੀ ਗਹਾਈ ਕਰਨਾ ਲੱਗਦਾ ਸੀ, ਜਿਸ ਨਾਲ ਕੰਡ ਬਹੁਤ ਲੜਦੀ ਸੀ ਤੇ ਲੇਖਕ ਦਿਲੋਂ ਇਹ ਅਰਦਾਸ ਕਰਦਾ ਕਿ ਕਣਕ ਥੋੜ੍ਹੀ ਹੋਵੇ ਤਾਂ ਚੰਗਾ। ਇਹ ਗੱਲ ਤਾਂ ਬਿਲਕੁਲ ਉਵੇਂ ਸੀ ਜਿਵੇਂ ਕੋਈ ਅਰਦਾਸ ਕਰਦਾ ਹੋਵੇ," ਰੱਬਾ- ਰੱਬਾ ਰਿਜ਼ਕ ਨਾ ਦੇਵੀਂ, ਮਾਂ ਲੱਕੜੀਆਂ ਲਿਆਉਣ ਲਈ ਆਖੇਗੀ ।"

**4ਪ੍ਰਸ਼ਨ: ਲੇਖਕ ਦੇ ਮੁੜ ਪੜ੍ਹਾਈ ਸ਼ੁਰੂ ਕਰਨ ਦੇ ਤਜ਼ਰਬੇ ਨੂੰ ਆਪਣੀ ਸ਼ਬਦਾਂ ਵਿੱਚ ਲਿਖੋ ।**

**ਉੱਤਰ** :ਅੱਠਵੀਂ ਪਾਸ ਕਰਨ ਤੋਂ ਬਾਅਦ ਲੇਖਕ ਨੂੰ ਸਕੂਲ ਤੋਂ ਹਟਾ ਲਿਆ ਗਿਆ। ਦੋ ਸਾਲ ਖੇਤੀ ਕਰਨ ਤੋਂ ਬਾਅਦ ਲੇਖਕ ਨੂੰ ਮੁੜ ਸਕੂਲ ਦਾਖ਼ਲ ਕਰਵਾ ਦਿੱਤਾ । ਵਰਨੈਕੁਲਰ ਤੋਂ ਬਾਅਦ ਅੰਗਰੇਜ਼ੀ ਦੀਆਂ ਜਮਾਤਾਂ ਜੂਨੀਅਰ ਤੇ ਸੀਨੀਅਰ ਦੋ ਸਾਲਾਂ ਵਿਚ ਪਾਸ ਕਰਨੀਆਂ ਪੈਂਦੀਆਂ ਸਨ। ਲੇਖਕ ਦੇ ਪਿੰਡ ਤੋਂ ਵੀਹ ਪੰਝੀ ਮੀਲ ਦੂਰ ਨਨਕਾਣਾ ਸਾਹਿਬ ਵਿਖੇ ਇਕ ਬਜ਼ੁਰਗ ਮਾਸਟਰ ਇਹ ਦੋਵੇਂ ਕਲਾਸਾਂ ਇੱਕ ਸਾਲ ਵਿੱਚ ਕਰਵਾ ਦਿੰਦਾ ਸੀ। ਲੇਖਕ ਨੂੰ ਉਥੇ ਦਾਖ਼ਲ ਕਰਵਾ ਦਿੱਤਾ। ਇੱਕ ਸਾਲ ਫੇਲ ਹੋਣ ਕਰਕੇ ਦੋ ਸਾਲ ਖੇਤੀ ਵਿਚ ਰਹਿ ਕੇ ਤੇ ਇੱਕ ਸਾਲ ਜੂਨੀਅਰ ਸੀਨੀਅਰ ਕਰਨ ਕਰਕੇ ਉਹ ਆਪਣੇ ਹਮ ਉਮਰਾਂ ਨਾਲੋਂ ਪੜ੍ਹਾਈ ਵਿਚ ਚਾਰ ਸਾਲ ਪਿੱਛੇ ਰਹਿ ਗਿਆ , ਪਰ ਇਸ ਦਾ ਉਸ ਨੂੰ ਬਾਅਦ ਵਿੱਚ ਬਹੁਤ ਫਾਇਦਾ ਹੋਇਆ। ਨਨਕਾਣਾ ਸਾਹਿਬ ਦੇ ਪ੍ਰਾਈਵੇਟ ਸਕੂਲ ਵਿੱਚ ਲਾਏ ਇਕ ਸਾਲ ਦਾ ਉਸ ਨੂੰ ਬਹੁਤ ਤਜਰਬਾ ਹੋਇਆ ,ਕਿਉਂਕਿ ਇੱਥੇ ਉਸ ਨੂੰ ਅੰਗਰੇਜ਼ੀ ਪੜ੍ਹਨ ਲਿਖਣ ਵਿਚ ਬਹੁਤ ਮੁਹਾਰਤ ਹਾਸਲ ਹੋਈ। ਸਵੇਰ ਦੀ ਸਕੂਲ ਪ੍ਰੇਅਰ ਮਿੱਤਰ ਪਿਆਰੇ ਨੂੰ ਉਸ ਦੇ ਮਨ ਵਿਚ ਅਜੇ ਤੱਕ ਵਸੀ ਹੋਈ ਹੈ ।ਇਸ ਸਕੂਲ ਵਿੱਚ ਖੇਡਾਂ ਦੇ ਇੰਚਾਰਜ ਪਾਸੋਂ ਲੇਖਕ ਨੇ ਫੁੱਟਬਾਲ ਖੇਡ ਖੇਡਣਾ ਸ਼ੁਰੂ ਕੀਤਾ ਜਿਸ ਨੇ ਬਹੁਤ ਸਿਰਕੱਢਵੇਂ ਖਿਡਾਰੀ ਪੈਦਾ ਕੀਤੇ ਸਨ। ਹੋਸਟਲ ਦੀ ਜ਼ਿੰਦਗੀ ਨੇ ਲੇਖਕ ਨੂੰ ਬਹੁਤ ਪ੍ਰਭਾਵਿਤ ਕੀਤਾ ,ਜਿਸ ਕਰਕੇ ਜਦੋਂ ਉਸ ਨੇ ਜੜ੍ਹਾਂ ਵਾਲੇ ਗੌਰਮਿੰਟ ਸਕੂਲ ਵਿੱਚ ਦਾਖਲਾ ਲਿਆ ਤਾਂ ਹੋਸਟਲ ਵਿੱਚ ਕਮਰਾ ਲੈ ਲਿਆ ਭਾਵੇਂ ਉਹ ਉਸ ਦੇ ਪਿੰਡ ਤੋਂ ਸੱਤ ਕਿਲੋਮੀਟਰ ਹੀ ਦੂਰ ਸੀ ।

**5ਪ੍ਰਸ਼ਨ: ਮੁੜ੍ਹਕੇ ਦੀ ਖੁਸ਼ਬੂ ਸਵੈ ਜੀਵਨੀ ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਅਤੇ ਪ੍ਰੇਰਨਾ ਮਿਲਦੀ ਹੈ ?**

**ਉੱਤਰ** :ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਆਪਣਾ ਪਰਿਵਾਰਿਕ ਮਾਹੌਲ ਵਧੀਆ ਰੱਖਣਾ ਚਾਹੀਦਾ ਹੈ ਤੇ ਪਰਵਾਰਿਕ ਸਾਂਝ ਪੈਦਾ ਕਰਨੀ ਚਾਹੀਦੀ ਹੈ ,ਕਿਉਂਕਿ ਸਾਂਝੇ ਪਰਿਵਾਰ ਵਿੱਚ ਜੋ ਪਿਆਰ ਮਿਲਦਾ ਹੈ ਤੇ ਜੋ ਮਿਲਵਰਤਨ ਦੀ ਭਾਵਨਾ ਹੁੰਦੀ ਹੈ ਉਸ ਦੀ ਅਲੱਗ ਹੀ ਖੁਸ਼ੀ ਹੁੰਦੀ ਹੈ ।

ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਵੱਡਿਆਂ ਦਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦਾ ਕਹਿਣਾ ਮੰਨਣਾ ਚਾਹੀਦਾ ਹੈ ਦੱਬ ਕੇ ਮਿਹਨਤ ਕਰਨੀ ਚਾਹੀਦੀ ਹੈ, ਕਿਉਂਕਿ ਮਿਹਨਤ ਕਰਨ ਨਾਲ ਸਰੀਰ ਤਕੜਾ ਤੇ ਮਜ਼ਬੂਤ ਬਣਦਾ ਹੈ ।ਜਿਸ ਦਾ ਮਨੁੱਖ ਨੂੰ ਜ਼ਿੰਦਗੀ ਵਿੱਚ ਲਾਭ ਜ਼ਰੂਰ ਮਿਲਦਾ ਹੈ ।

ਇਸ ਤੋਂ ਸਾਨੂੰ ਪੜ੍ਹਨ ਤੇ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਹੈ। ਜ਼ਿੰਦਗੀ ਵਿੱਚ ਜਦੋਂ ਵੀ ਪੜ੍ਹਨ ਦਾ ਮੌਕਾ ਮਿਲੇ ਆਪਣੀ ਪੜ੍ਹਾਈ ਕਰਨੀ ਚਾਹੀਦੀ ਹੈ, ਕਿਉਂਕਿ ਪੜ੍ਹਾਈ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ [i]

---

[i]


ਤਿਆਰ ਕਰਤਾ:ਰਾਜਵਿੰਦਰ ਕੌਰ
ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ
ਜਿਲ੍ਹਾ ਜਲੰਧਰ

:ਬਲਜਿੰਦਰ ਕੌਰ
ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ
ਜਿਲ੍ਹਾ ਜਲੰਧਰ।


ਸਹਾਇਕ ਸਮੱਗਰੀ:ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ 'ਆਪ ਬੀਤੀਆਂ '